# ਪਾਤਰਤਾ

ਕਮਿਉਨਿਟੀ ਲਿਵਿੰਗ ਬ੍ਰਿਟਿਸ਼ ਕੋਲੰਬਿਆ (CLBC) ਪਾਤਰ ਬਾਲਗਾਂ ਅਤੇ ਉਹਨਾਂ ਦੇ ਪਰਵਾਰਾਂ ਨੂੰ ਸਮਰਥਨ ਅਤੇ ਸੇਵਾਵਾਂ ਪ੍ਰਦਾਨ ਕਰਦੀ ਹੈ। ਲੋਕਾਂ ਨੂੰ ਪਾਤਰਤਾ ਦੇ ਮਾਪਦੰਡ ਸਮਝਣ ਵਿੱਚ ਮਦਦ ਕਰਨ, ਅਤੇ ਸਟਾਫ ਨੂੰ ਅਨੁਕੂਲ ਅਤੇ ਸਹੀ ਫੈਸਲੇ ਲੈਣ ਵਿੱਚ ਮਦਦ ਕਰਨ ਦੇ ਲਈ CLBC ਦੇ ਕੋਲ ਇੱਕ ਪਾਤਰਤਾ ਨੀਤੀ ਹੈ। ਇਹ ਜਾਣਕਾਰੀ ਪੱਤਰ ਸਾਡੀ ਪਾਤਰਤਾ ਨੀਤੀ ਦੇ ਬਾਰੇ ਵਿੱਚ ਕੁਝ ਆਮ ਪ੍ਰਸ਼ਨਾਂ ਦੇ ਉੱਤਰ ਦਿੰਦਾ ਹੈ।

**CLBC ਸੇਵਾਵਾਂ ਪ੍ਰਾਪਤ ਕਰਨ ਦੇ ਲਈ, ਤੁਹਾਡੇ ਪਰਵਾਰ ਦੇ ਸਦੱਸ ਦੀ ਉਮਰ 19 ਸਾਲ ਜਾਂ ਉਸ ਤੋਂ ਵੱਧ ਹੋਣੀ ਚਾਹੀਦੀ ਹੈ ਲੇਕਿਨ ਉਹ ਪਾਤਰਤਾ ਦੇ ਲਈ ਉਹਨਾਂ ਦੇ 16ਵੇਂ ਜਨਮਦਿਨ ਦੇ ਬਾਅਦ ਅਰਜ਼ੀ ਦੇ ਸਕਦੇ ਹਨ।**

## CLBC ਲਈ ਕੌਣ ਪਾਤਰ ਹੈ?

- CLBC ਵਿਕਾਸੀ ਅਸਮਰੱਥਾਵਾਂ ਵਾਲੇ ਬਾਲਗਾਂ ਦੇ ਲਈ ਸਮਰਥਨ ਪ੍ਰਦਾਨ ਕਰਦੀ ਹੈ।
- CLBC ਪਰਸਨਲਾਇਜ਼ਡ ਸੱਪੋਰਟਸ ਇਨੀਸ਼ੀਏਟਿਵ (PSI) ਉਹਨਾਂ ਬਾਲਗਾਂ ਦੇ ਲਈ ਸੇਵਾਵਾਂ ਪ੍ਰਦਾਨ ਕਰਦਾ ਹੈ ਜਿਹਨਾਂ ਦੇ ਕੋਲ ਅਨੁਕੂਲ ਕਾਰਜਸ਼ੀਲਤਾ ਵਿੱਚ ਮਹੱਤਵਪੂਰਨ ਅਯੋਗਤਾਵਾਂ ਹਨ *ਅਤੇ* ਫੈਟਲ ਅਲਕੋਹਲ ਸਪੈਕਟ੍ਰਮ ਡਿਸਔਰਡਰ (FASD) ਜਾਂ ਔਟਿਜ਼ਮ ਸਪੈਕਟ੍ਰਮ ਡਿਸਔਰਡਰ (ASD) (ASD ਨੂੰ ਅਧਿਕਾਰਕ ਤੌਰ ਤੇ ਪਰਵੇਸਿਵ ਡਿਵਲਪਮੈਂਟ ਡਿਸਔਰਡਰ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ) ਦਾ ਕੋਈ ਰੋਗ ਨਿਦਾਨ ਕੀਤਾ ਗਿਆ ਹੈ।

CLBC ਦੇ ਕੋਲ ਪਾਤਰਤਾ ਲਈ ਮਾਪਦੰਡ ਦੇ ਦੋ ਸੈਟ ਹਨ. ਪਾਤਰ ਹੋਣ ਦੇ ਲਈ ਵਿਅਕਤੀ ਦੀ ਉਮਰ 19 ਸਾਲ ਜਾਂ ਉਸ ਤੋਂ ਵੱਧ ਹੋਣੀ ਚਾਹੀਦੀ ਹੈ ਅਤੇ ਉਹਨਾਂ ਨੂੰ ਜਾਂ ਤਾਂ ਵਿਕਾਸੀ ਅਸਮਰੱਥਾ ਜਾਂ ਪਰਸਨਲਾਇਜ਼ਡ ਸੱਪੋਰਟਸ ਇਨੀਸ਼ੀਏਟਿਵ ਦੇ ਸਾਰੇ ਮਾਪਦੰਡ ਦੇ ਮੁਨਾਸਬ ਹੋਣਾ ਚਾਹੀਦਾ ਹੈ।

## CLBC ਪਾਤਰਤਾ ਦੀ ਪੁਸ਼ਟੀ ਕਿਵੇਂ ਕਰਦੀ ਹੈ?

ਤੁਹਾਡੇ ਪਰਵਾਰ ਦੇ ਸਦੱਸ ਨੂੰ ਵਿਸ਼ੇਸ਼ ਦਸਤਾਵੇਜ਼ਾਂ ਦੀ ਲੋੜ ਹੁੰਦੀ ਹੈ, ਜਿਵੇਂ ਕਿ ਪੇਸ਼ਾਵਰ ਮੁਲਾਂਕਣ ਜੋ ਕਿ ਇਹ ਦਰਸ਼ਾਉਂਦੇ ਹਨ ਕਿ ਉਹ CLBC ਪਾਤਰਤਾ ਮਾਪਦੰਡ ਦੇ ਮੁਨਾਸਬ ਹਨ। CLBC ਹਰ ਇੱਕ ਵੱਖਰੇ ਮੁਲਾਂਕਣ ਦੇ ਲਈ, ਕੁਝ ਵਿਸ਼ੇਸ਼ ਮਾਨਤਾਪ੍ਰਾਪਤ ਪੇਸ਼ਾਵਰਾਂ ਦੁਆਰਾ ਪੂਰਨ ਕੀਤੇ ਲਿੱਖਤ ਮੁਲਾਂਕਣਾਂ ਨੂੰ ਸਵੀਕਾਰ ਕਰਦੀ ਹੈ।

ਪਾਤਰਤਾ ਦੀ ਪੁਸ਼ਟੀ ਦੇ ਲਈ CLBC ਸੁਵਿਧਾ ਪ੍ਰਦਾਤਾ ਜ਼ੁੰਮੇਵਾਰ ਹੁੰਦੇ ਹਨ। ਉਹ ਤੁਹਾਡੇ ਦੁਆਰਾ ਦਾਖਲ ਕੀਤੇ ਲਿੱਖਤ ਮੁਲਾਂਕਣਾਂ ਅਤੇ ਦਸਤਾਵੇਜ਼ਾਂ ਦੇ ਵਿੱਚ ਪ੍ਰਦਾਨ ਕੀਤੀ ਗਈ ਜਾਣਕਾਰੀ ਦੇ ਆਧਾਰ ਤੇ ਆਪਣੇ ਫੈਸਲੇ ਲੈਂਦੇ ਹਨ।

ਇੱਕ ਸੁਵਿਧਾ ਪ੍ਰਦਾਤਾ ਤੁਹਾਨੂੰ ਉਹਨਾਂ ਪੇਸ਼ਾਵਰਾਂ ਸੰਬੰਧੀ ਵੇਰਵੇ ਪ੍ਰਦਾਨ ਕਰ ਸਕਦਾ ਹੈ ਜੋ ਵਿਸ਼ਿਸ਼ਟ ਮੁਲਾਂਕਣਾਂ ਨੂੰ ਪੂਰਨ ਕਰ ਸਕਦੇ ਹਨ। ਇੱਕ ਸੁਵਿਧਾ ਪ੍ਰਦਾਤਾ ਤੁਹਾਡੇ ਕੋਈ ਵੀ ਪਾਤਰਤਾ ਸੰਬੰਧੀ ਪ੍ਰਸ਼ਨਾਂ ਦੇ ਉੱਤਰ ਵੀ ਤੁਹਾਨੂੰ ਪ੍ਰਦਾਨ ਕਰ ਸਕਦਾ ਹੈ।

COMMUNITY LIVING
BRITISH COLUMBIA



## ਪਾਤਰਤਾ ਦੇ ਲਈ ਮਾਪਦੰਡ

### ਵਿਕਾਸੀ ਅਸਮਰੱਥਾ

**ਕਿਸੇ ਬਾਲਗ ਵਿੱਚ:**

- **ਮਹੱਤਵਪੂਰਨ ਰੂਪ ਤੋਂ ਨਿਰਬਲ ਬੌਧਕ ਕਾਰਜਸ਼ੀਲਤਾ ਹੋਵੇ**
- **ਮਹੱਤਵਪੂਰਨ ਰੂਪ ਤੋਂ ਨਿਰਬਲ ਅਨੁਕੂਲ ਕਾਰਜਸ਼ੀਲਤਾ ਹੋਵੇ**
- **ਇਹ ਅਯੋਗਤਾਵਾਂ 18 ਸਾਲ ਤੋਂ ਪਹਿਲਾਂ ਹੀ ਅਰੰਭ ਹੋ ਜਾਣੀ ਚਾਹੀਦੀਆਂ ਹਨ**

### ਪਰਸਨਲ ਸੱਪੋਰਟਸ ਇਨੀਸ਼ੀਏਟਿਵ

**ਅਜਿਹਾ ਬਾਲਗ ਜਿਸਨੂੰ ਵਿਕਾਸੀ ਅਸਮਰੱਥਾ ਨਹੀਂ ਹੋਵੇ ਲੇਕਿਨ ਉਸ ਦੇ ਵਿੱਚ:**

- **ਅਨੁਕੂਲ ਕਾਰਜਸ਼ੀਲਤਾ ਦੇ ਵਿੱਚ ਮਹੱਤਵਪੂਰਨ ਅਯੋਗਤਾਵਾਂ ਹੋਣ**

*ਅਤੇ ਜਾਂ*

- **ਫੈਟਲ ਅਲਕੋਹਲ ਸਪੈਕਟ੍ਰਮ ਡਿਸਔਰਡਰ (FASD) ਰੋਗ ਦਾ ਨਿਦਾਨ ਕੀਤਾ ਗਿਆ ਹੋਵੇ**

*ਜਾਂ*

- **ਔਟਿਜ਼ਮ ਸਪੈਕਟ੍ਰਮ ਡਿਸਔਰਡਰ (ASD) (ASD ਨੂੰ ਅਧਿਕਾਰਕ ਤੌਰ ਤੇ ਪਰਵੇਸਿਵ ਡਿਵਲਪਮੈਂਟ ਡਿਸਔਰਡਰ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ) ਦਾ ਕੋਈ ਰੋਗ ਨਿਦਾਨ ਕੀਤਾ ਗਿਆ ਹੋਵੇ**

## ਵਿਕਾਸੀ ਅਸਮਰੱਥਾ ਵਾਲੇ ਕਿਸੇ ਵੀ ਵਿਅਕਤੀ ਦੀ ਪਾਤਰਤਾ ਦੇ ਲਈ ਕਿਹੜੇ ਦਸਤਾਵੇਜ਼ਾਂ ਦੀ ਲੋੜ ਹੁੰਦੀ ਹੈ?

ਤੁਹਾਡੇ ਪਰਵਾਰ ਦੇ ਸਦੱਸ ਨੂੰ ਇੱਕ ਮਾਨਤਾਪ੍ਰਾਪਤ ਪੇਸ਼ਾਵਰ ਦੁਆਰਾ ਪੂਰਨ ਕੀਤੇ ਕਿਸੇ ਮੁਲਾਂਕਣ ਦੀ ਲੋੜ ਹੁੰਦੀ ਹੈ ਜੋ ਸਪਸ਼ਟ ਰੂਪ ਤੋਂ ਇਹ ਦੱਸਦਾ ਹੋਵੇ ਕਿ ਉਹ DSM-IV-TR ਦੇ ਵਿੱਚ ਉੱਧਰਤ "ਮਾਨਸਕ ਮੰਦਤਾ ਦੇ ਲਈ ਨਿਦਾਨ ਮਾਪਦੰਡ" ਦੇ ਮੁਨਾਸਬ ਹੈ।

ਜੇਕਰ ਫਾਰਮ ਦਾ ਵਿਭਾਗ A ਇੱਕ ਮਾਨਤਾਪ੍ਰਾਪਤ ਪੇਸ਼ਾਵਰ ਦੁਆਰਾ ਪੂਰਨ ਕੀਤਾ ਗਿਆ ਹੋਵੇ ਤਾਂ CLBC ਮੁਲਾਂਕਣ ਸਾਰਾਂਸ਼ ਫਾਰਮ ਨੂੰ ਵੀ ਦਾਖਲ ਕੀਤਾ ਜਾ ਸਕਦਾ ਹੈ।

## ਪਰਸਨਲਾਇਜ਼ਡ ਸੱਪੋਰਟਸ ਇਨੀਸ਼ੀਏਟਿਵ (PSI) ਦੀ ਪਾਤਰਤਾ ਦੇ ਲਈ ਕਿਹੜੇ ਦਸਤਾਵੇਜ਼ਾਂ ਦੀ ਲੋੜ ਹੁੰਦੀ ਹੈ?

ਤੁਹਾਡੇ ਪਰਵਾਰ ਦੇ ਸਦੱਸ ਨੂੰ ਨਿਮਨ ਦੀ ਲੋੜ ਹੋਵੇਗੀ:

- ਕਿਸੇ ਮਾਨਤਾ ਪ੍ਰਾਪਤ ਪੇਸ਼ਾਵਰ ਦੁਆਰਾ ਪੂਰਨ ਕੀਤਾ ਇੱਕ CLBC ਮੁਲਾਂਕਣ ਸਾਰਾਂਸ਼ ਫਾਰਮ। *ਅਤੇ*
- ਕਿਸੇ ਮਾਨਤਾ ਪ੍ਰਾਪਤ ਪੇਸ਼ਾਵਰ ਦੁਆਰਾ ਪੂਰਨ ਕੀਤੀ ਇੱਕ ਅਨੁਕੂਲ ਕਾਰਜਸ਼ੀਲਤਾ ਰੀਪੋਰਟ ਜੋ ਇਹ ਦੱਸਦੀ ਹੋਵੇ ਕਿ ਅਨੁਕੂਲ ਕਾਰਜਸ਼ੀਲਤ ਦੇ ਵਿੱਚ ਵਿਅਕਤੀ ਦੀ ਮਹੱਤਵਪੂਰਨ ਅਯੋਗਤਾਵਾਂ ਹਨ। CLBC ਅਨੁਕੂਲ ਕਾਰਜਸ਼ੀਲਤਾ ਰੀਪੋਰਟ ਦੇ ਲਈ ਤਿੰਨ ਵਿੱਚ ਇੱਕ ਮੁਲਾਂਕਣ ਸਾਧਨਾਂ ਨੂੰ ਸਵੀਕਾਰ ਕਰੇਗੀ। ਮੁਲਾਂਕਣ ਰੀਪੋਰਟ ਨੂੰ ਇਹ ਬਿਆਨ ਕਰਨਾ ਪਏਗਾ ਕਿ ਕਿਹੜੇ ਮੁਲਾਂਕਣ ਸਾਧਨ ਦਾ ਉਪਯੋਗ ਕੀਤਾ ਗਿਆ ਸੀ। *ਅਤੇ ਜਾਂ*

**A.** ਕਿਸੇ ਮਾਨਤਾ ਪ੍ਰਾਪਤ ਪੇਸ਼ਾਵਰ ਦੁਆਰਾ ਪੂਰਨ ਕੀਤੇ FASD ਦੇ ਰੋਗ ਦੇ ਨਿਦਾਨ ਦੀ ਪੁਸ਼ਟੀ ਕਰਦੇ ਮੁਲਾਂਕਣ। *ਜਾਂ*

**B.** ਕਿਸੇ ਮਾਨਤਾ ਪ੍ਰਾਪਤ ਪੇਸ਼ਾਵਰ ਦੁਆਰਾ ਪੂਰਨ ਕੀਤੇ ਗਏ ASD ਦੇ ਰੋਗ ਨਿਦਾਨਾਂ ਦੀ ਪੁਸ਼ਟੀ ਕਰਨ ਵਾਲੇ ਮੁਲਾਂਕਣ।

## ਮੈਂ ਆਪਣੇ ਉਸ ਬੱਚੇ ਦੇ ਲਈ CLBC ਬਾਲਗ ਸਮਰਥਨ ਦੇ ਲਈ ਕਿਵੇਂ ਅਰਜ਼ੀ ਕਰਾਂ ਜੋ ਹੁਣੇ ਬਾਲਗ ਨਹੀਂ ਨਹੀਂ ਹੈ?

CLBC ਨੌਜਵਾਨਾਂ ਦੇ 16 ਸਾਲ ਦੇ ਹੋ ਜਾਣ ਤੇ ਉਹਨਾਂ ਦੇ ਦਸਤਾਵੇਜ਼ਾਂ ਦੀ ਸਮੀਖਿਆ ਕਰੇਗੀ। CLBC ਤੁਹਾਡੇ ਬੱਚੇ ਦੇ 16ਵੇਂ ਜਨਮਦਿਨ ਦੇ ਬਾਅਦ ਜਿਹਨਾਂ ਛੇਤੀ ਹੋ ਸਕੇ ਬਾਲਗ ਸੇਵਾਵਾਂ ਦੇ ਲਈ ਉਸਦੀ ਪਾਤਰਤਾ ਦੀ ਪੁਸ਼ਟੀ ਕਰੇਗੀ। ਇਹ ਪ੍ਰਕਿਰਿਆ ਛੇਤੀ ਅਰੰਭ ਕਰਨਾ ਮਹੱਤਵਪੂਰਨ ਹੈ। ਜੇਕਰ ਤੁਹਾਡਾ ਬੱਚਾ ਮਿਨਿਸਟ੍ਰੀ ਔਫ ਚਿਲਡਰਨ ਐਂਡ ਫੈਮਿਲੀ ਡਿਵਲਪਮੈਂਟ ਸਮਰਥਨ ਅਤੇ ਸੇਵਾਵਾਂ ਨੂੰ ਦਾ ਉਪਯੋਗ ਕਰ ਰਿਹਾ ਹੈ ਤਾਂ ਪਰਿਵਰਤਨ ਯੋਜਨਾ ਅਤੇ ਲੋੜੀਂਦੇ ਮੁਲਾਂਕਣ ਦਸਤਾਵੇਜ਼ ਨੂੰ ਪ੍ਰਾਪਤ ਕਰਨ ਵਿੱਚ ਸਹਾਇਤਾ ਲਈ ਤੁਹਾਡੇ MCFD ਕਰਮਚਾਰੀ ਨਾਲ ਗੱਲ ਕਰ ਸਕਦੇ ਹੋ।

## ਮੇਰੇ ਪਰਵਾਰ ਦਾ ਸਦੱਸ CLBC ਬਾਲਗ ਸੇਵਾਵਾਂ ਦੇ ਲਈ ਪਾਤਰ ਹੈ ਇਹ ਪਤਾ ਲਗਾਉਣ ਦੇ ਵਿੱਚ ਕਿਹਨਾਂ ਸਮਾਂ ਲਗੇਗਾ?

ਜਦੋਂ ਸਾਰੇ ਲੋੜੀਂਦੇ ਦਸਤਾਵੇਜ਼ ਦਾਖਲ ਕਰ ਦਿੱਤੇ ਜਾਣ, ਇੱਕ CLBC ਸੁਵਿਧਾ ਪ੍ਰਦਾਤਾ ਦਸਤਾਵੇਜ਼ਾਂ ਦੀ ਸਮੀਖਿਆ ਕਰੇਗਾ ਅਤੇ ਤੁਹਾਨੂੰ ਪਾਤਰਤਾ ਦੇ ਬਾਰੇ ਵਿੱਚ ਦੱਸੇਗਾ ਜਾਂ ਕਿਸੇ ਹੋਰ ਲੋੜੀਂਦੀ ਜਾਣਕਾਰੀ ਦੇ ਬਾਰੇ ਵਿੱਚ ਦੱਸੇਗਾ।

ਕਦੇ ਕਦੇ, ਸਾਰੇ ਲੋੜੀਂਦੇ ਦਸਤਾਵੇਜ਼ਾਂ ਨੂੰ ਇੱਕਠਾ ਦਾਖਲ ਨਹੀਂ ਕੀਤਾ ਜਾਂਦਾ ਜਾਂ ਮੁਲਾਂਕਣ ਦਸਤਾਵੇਜ਼ਾਂ ਤੋਂ ਇਹ ਸਪਸ਼ਟ ਨਹੀਂ ਹੁੰਦਾ ਕਿ ਜੇਕਰ ਵਿਅਕਤੀ CLBC ਦੇ ਲਈ ਪਾਤਰ ਹੈ ਜਾਂ ਨਹੀਂ। CLBC ਦੇ ਲਈ ਸਾਰੇ ਲੋੜੀਂਦੇ ਦਸਤਾਵੇਜ਼ਾਂ ਨੂੰ ਪ੍ਰਾਪਤ ਕਰਨ ਵਿੱਚ ਕਈ ਹਫਤੇ ਜਾਂ ਮਹੀਨੇ ਵੀ ਲਗ ਜਾਂਦੇ ਹਨ ਇਸਲਈ ਪ੍ਰਕਿਰਿਆ ਨੂੰ ਛੇਤੀ ਅਰੰਭ ਕਰਨਾ ਬਹੁਤ ਮਹੱਤਵਪੂਰਨ ਹੁੰਦਾ ਹੈ।

## ਮੈਨੂੰ ਪਾਤਰਤਾ ਦੇ ਫੈਸਲੇ ਬਾਰੇ ਕਿਵੇਂ ਪਤਾ ਲਗੇਗਾ?

ਇੱਕ ਵਾਰੀ ਫੈਸਲਾ ਹੋ ਜਾਣ ਤੇ, ਤੁਹਾਨੂੰ CLBC ਸੁਵਿਧਾ ਪ੍ਰਦਾਤਾ ਦੁਆਰਾ ਇੱਕ ਪੱਤਰ ਪ੍ਰਾਪਤ ਹੋਵੇਗਾ ਜਿਸਦੇ ਵਿੱਚ ਇਹ ਦੱਸਿਆ ਗਿਆ ਹੋਵੇਗਾ ਕਿ ਜੇਕਰ ਤੁਹਾਡੇ ਪਰਵਾਰ ਦਾ ਸਦੱਸ CLBC ਬਾਲਗ ਸੇਵਾਵਾਂ ਦੇ ਲਈ ਪਾਤਰ ਹੈ ਜਾਂ ਨਹੀਂ।

## ਪਾਤਰਤਾ ਦੀ ਪੁਸ਼ਟੀ ਹੋਣ ਤੋਂ ਬਾਅਦ ਕੀ ਹੁੰਦਾ ਹੈ?

ਇੱਕ CLBC ਸੁਵਿਧਾ ਪ੍ਰਦਾਤਾ ਤੁਹਾਨੂੰ ਅਤੇ ਤੁਹਾਡੇ ਪਰਵਾਰ ਦੇ ਸਦੱਸ ਨੂੰ ਸੰਪਰਕ ਕਰੇਗਾ ਅਤੇ ਅਗਲੇ ਚਰਣਾਂ, ਸਮਾਂ ਸੀਮਾਵਾਂ ਅਤੇ ਭਵਿੱਖ ਦੀ ਸੰਭਾਵਤਾਂ ਬਾਰੇ ਗੱਲ ਕਰੇਗਾ। ਸੁਵਿਧਾ ਪ੍ਰਦਾਤਾ ਸੇਵਾ ਬੇਨਤੀਆਂ ਸੰਬੰਧੀ ਜਾਣਕਾਰੀ ਨੂੰ ਵੀ ਰਿਕੌਰਡ ਕਰੇਗਾ। ਤੁਹਾਨੂੰ CLBC ਪ੍ਰਕਿਰਿਆਵਾਂ ਅਤੇ ਉੱਚਿਤ ਨੀਤੀਆਂ ਦੇ ਬਾਰੇ ਵਿੱਚ ਜਾਣਕਾਰੀ ਪ੍ਰਦਾਨ ਕਰ ਦਿੱਤੀ ਜਾਵੇਗੀ।

## ਕੀ ਮੈਂ BC ਤੋਂ ਬਾਹਰ CLBC ਦੇ ਲਈ ਅਰਜ਼ੀ ਦੇ ਸਕਦਾ/ਸਕਦੀ ਹਾਂ?

ਹਾਂ, ਲੇਕਿਨ ਤੁਹਾਨੂੰ ਸਮਾਨ ਪ੍ਰਕਿਰਿਆ ਦਾ ਪਾਲਣ ਅਤੇ ਸਮਾਨ ਦਸਤਾਵੇਜ਼ਾਂ ਨੂੰ ਦਾਖਲ ਕਰਨਾ ਚਾਹੀਦਾ ਹੈ ਜਿਵੇਂ ਕੋਈ BC ਵਿੱਚ ਹੁੰਦੇ ਹੋਏ ਕਰਦਾ ਹੈ। ਹਾਲਾਂਕਿ ਤੁਸੀਂ BC ਦੇ ਬਾਹਰ ਤੋਂ CLBC ਸਮਰਥਨ ਦੇ ਲਈ ਅਰਜ਼ੀ ਦੇ ਸਕਦੇ ਹੋ ਲੇਕਿਨ ਜਦੋਂ ਤੁਸੀਂ ਵਾਸਤਵ ਵਿੱਚ BC ਤੋਂ ਬਾਹਰ ਨਹੀਂ ਹੋ ਜਾਂਦੇ ਤੁਸੀਂ CLBC ਪੂੰਜੀ ਨਿਵੇਸ਼ ਸੇਵਾਵਾਂ ਨੂੰ ਪ੍ਰਾਪਤ ਨਹੀਂ ਕਰ ਸਕਦੇ।

*ਇਹ ਸਰਫ ਇੱਕ ਜਾਣਕਾਰੀ ਪੱਤਰ ਹੈ। ਵਿਸ਼ਿਸ਼ਟ ਵੇਰਵਿਆਂ ਦੇ ਲਈ ਕਿਰਪਾ ਕਰਕੇ CLBC ਸਮਰਥਨ ਅਤੇ ਸੇਵਾਵਾਂ ਨੀਤੀ ਦੀ ਪਾਤਰਤਾ ਦੇਖੋ। This policy can be found at www.communitylivingbc.ca under Policies and Publications > Policies.*

# CLBC ਨੂੰ ਕਿਵੇਂ ਅਰਜ਼ੀ ਦੇਣੀ ਚਾਹੀਦੀ ਹੈ

ਜਿਹੜੇ ਨੌਜਵਾਨ ਪਹਿਲਾਂ ਤੋਂ ਹੀ ਮਿਨਿਸਟ੍ਰੀ ਔਫ ਚਿਲਡਰਨ ਐਂਡ ਫੈਮਿਲੀ ਡਿਵਲਪਮੈਂਟ (MCFD) ਸਮਰਥਨਾਂ ਦਾ ਉਪਯੋਗ ਕਰ ਰਹੇ ਹਨ, ਉਹਨਾਂ ਦੇ ਲਈ ਸਭ ਤੋਂ ਪਹਿਲਾ ਕਦਮ ਪਰਿਵਰਤਨ ਵਿੱਚ ਸਹਾਇਤਾ ਦੇ ਲਈ ਆਪਣੇ MCFD ਕਾਰਮਚਾਰੀ ਨਾਲ ਗੱਲ ਕਰਨਾ ਹੈ।

ਬਾਲਗਾਂ ਦੇ ਲਈ, ਸਭ ਤੋਂ ਪਹਿਲਾ ਕਦਮ ਇਹ ਹੈ ਕਿ ਉਹ ਜਾਂ ਉਹਨਾਂ ਦੇ ਪਰਵਾਰ ਦਾ ਸਦੱਸ ਕਿਸੇ CLBC ਸੁਵਿਧਾ ਪ੍ਰਦਾਤਾ ਨਾਲ ਸੰਪਰਕ ਕਰੇ ਜੋ ਤੁਹਾਨੂੰ ਨਿਮਨ ਦੇ ਬਾਰੇ ਵਿੱਚ ਦੱਸ ਸਕੇ:

- ਲੋੜੀਂਦੇ ਦਸਤਾਵੇਜ਼
- ਮਾਨਤਾਪ੍ਰਾਪਤ ਪੇਸ਼ਾਵਰ ਜੋ ਲੋੜੀਂਦੇ ਦਸਤਾਵੇਜ਼ਾਂ, ਮੁਲਾਂਕਣਾਂ ਨੂੰ ਪੂਰਨ ਕਰ ਸਕਣ ਅਤੇ ਰੋਗ ਦਾ ਨਿਦਾਨ ਕਰ ਸਕਣ।

ਬਾਲਗ, CLBC ਨੂੰ ਕਾਲ ਕਰਕੇ ਅਰਜ਼ੀ ਦੀ ਪ੍ਰਕਿਰਿਆ ਨੂੰ ਅਰੰਭ ਕਰਨ। ਟੋਲ ਫ੍ਰੀ: 1 877-660-2522